ਸਪੀਡ ਪੋਸਟ/ਈ-ਮੇਲ

ਮਿਤੀ-ਬੱਧ
ਅਤਿ ਜ਼ਰੂਰੀ

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਨੰ. 631-895 /ਕਾਲਜ/ਸ-6
ਮਿਤੀ 14/1/2016

ਯੂਨੀਵਰਸਿਟੀ ਨਾਲ Affiliated ਸਮੂਹ ਕਾਲਜਾਂ ਦੇ
ਪ੍ਰਿੰਸੀਪਲ/ਪ੍ਰਧਾਨ/ਚੇਅਰਮੈਨ/ਡਾਇਰੈਕਟਰ ਸਾਹਿਬਾਨ ਨੂੰ

**ਵਿਸ਼ਾ : ਅਕਾਦਮਿਕ ਸੈਸ਼ਨ 2016-17 ਤੋਂ ਕਾਲਜਾਂ ਵਿਖੇ ਚੱਲ ਰਹੇ ਕੋਰਸਾਂ ਦੇ ਦਾਖਲੇ ਕਰਨ ਤੋਂ ਪਹਿਲਾਂ ਲੋੜੀਂਦੇ ਦਸਤਾਵੇਜ਼ ਭੇਜਣ ਅਤੇ ਪਹਿਲੀਆਂ ਲਗਾਈਆਂ ਸ਼ਰਤਾਂ ਦੀ ਪੂਰਤੀ ਕਰਨ ਸਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਨੂੰ ਇਸ ਪੱਤਰ ਰਾਹੀਂ ਦੱਸਣਾ ਉਚਿਤ ਹੋਵੇਗਾ ਕਿ ਯੂਨੀਵਰਸਿਟੀ ਨਾਲ ਐਫ਼ੀਲਿਏਟਿਡ ਕਾਲਜਾਂ ਨੂੰ ਯੂ.ਜੀ.ਸੀ/ਪੰਜਾਬ ਸਰਕਾਰ/CAG/ਸੈਂਟਰਲ ਏਜੰਸੀ (ਏ.ਆਈ.ਸੀ.ਟੀ.ਈ/ਬਾਰ ਕਾਊਂਸਲ ਆਫ ਇੰਡੀਆ/ਐਨ.ਸੀ.ਟੀ.ਈ)/ਯੂਨੀਵਰਸਿਟੀ ਕੈਲੰਡਰ ਅਤੇ ਸਿੰਡੀਕੇਟ ਵਲੋਂ ਸਮੇਂ-ਸਮੇਂ ਸਿਰ ਲਏ ਗਏ ਫੈਸਲਿਆਂ ਅਨੁਸਾਰ ਸਾਰੀਆਂ ਸ਼ਰਤਾਂ/ਦਸਤਾਵੇਜ਼ਾਂ ਦੀ ਪੂਰਤੀ ਕਰਨੀ ਲਾਜ਼ਮੀ ਹੁੰਦੀ ਹੈ। ਐਫ਼ੀਲਿਏਟਿਡ ਕਾਲਜਾਂ ਨੂੰ ਕੋਰਸਾਂ/ਵਿਸ਼ਿਆਂ ਲਈ ਸ਼ਰਤਾਂ ਤਹਿਤ ਪ੍ਰਵਾਨਗੀ ਪ੍ਰਦਾਨ ਕੀਤੀ ਜਾਂਦੀ ਹੈ, ਪਰੰਤੂ ਅਕਸਰ ਕਈ ਕਾਲਜਾਂ ਵੱਲੋਂ ਮੁਆਇਨਾ ਕਮੇਟੀ ਵੱਲੋਂ ਲਗਾਈਆਂ ਸ਼ਰਤਾਂ/ਲੋੜੀਂਦੇ ਦਸਤਾਵੇਜ਼ਾਂ ਦੀ ਪੂਰਤੀ ਕਰਨ ਸਬੰਧੀ ਗੰਭੀਰਤਾ ਨਹੀਂ ਵਿਖਾਈ ਜਾਂਦੀ ਅਤੇ ਨਾ ਹੀ ਪ੍ਰਿੰਸੀਪਲ, ਟੀਚਿੰਗ ਸਟਾਫ ਅਤੇ ਲਾਇਬ੍ਰੇਰੀਅਨ ਆਦਿ ਦੀ ਰੈਗੂਲਰ ਨਿਯੁਕਤੀ ਦੇ ਸੰਬੰਧ ਵਿਚ ਯੂਨੀਵਰਸਿਟੀ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਂਦੀ ਹੈ।

ਉਪਰੋਕਤ ਸਥਿਤੀ ਦੇ ਸਨਮੁਖ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਜੀ ਦੇ ਕਾਲਜ ਦੇ ਹੋਏ ਮੁਆਇਨੇ ਉਪਰੰਤ ਮੁਆਇਨਾ ਕਮੇਟੀ ਵੱਲੋਂ ਜੋ ਸ਼ਰਤਾਂ ਲਗਾਈਆਂ ਗਈਆਂ ਹਨ, ਉਨ੍ਹਾਂ ਸ਼ਰਤਾਂ ਦੀ ਪੂਰਤੀ ਕਰਕੇ ਵੇਰਵੇ ਸਹਿਤ ਰਿਪੋਰਟ (ਲੋੜੀਂਦੇ ਦਸਤਾਵੇਜ਼ ਸਹਿਤ) ਤੋਂ ਇਲਾਵਾ ਹੇਠ ਲਿਖੇ ਲੋੜੀਂਦੇ ਦਸਤਾਵੇਜ਼ਾਂ ਦੀਆਂ ਸਪੱਸ਼ਟ ਪੜ੍ਹਨਯੋਗ ਤਸਦੀਕਸ਼ੁਦਾ ਫੋਟੋਕਾਪੀਆਂ **ਮਿਤੀ 15 ਫਰਵਰੀ 2016 ਤੱਕ** ਇਸ ਦਫ਼ਤਰ ਵਿਖੇ ਪੁੱਜਦੀਆਂ ਕੀਤੀਆਂ ਜਾਣ। ਇਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਉਪਰੰਤ ਹੀ **ਅਕਾਦਮਿਕ ਸੈਸ਼ਨ 2016-17** ਤੋਂ ਕਾਲਜ ਵਿਖੇ ਚੱਲ ਰਹੇ ਕੋਰਸਾਂ ਦੇ ਦਾਖਲਿਆਂ ਦੀ ਪ੍ਰਵਾਨਗੀ/ਕੰਟੀਨਿਊਏਸ਼ਨ ਪ੍ਰਦਾਨ ਕਰਨ ਸੰਬੰਧੀ ਵਿਚਾਰਿਆ ਜਾਵੇਗਾ :

1. ਕਾਲਜ ਵਿਖੇ ਨਿਯੁਕਤ ਪ੍ਰਿੰਸੀਪਲ ਅਤੇ ਟੀਚਿੰਗ ਸਟਾਫ ਦੀ ਨਿਯੁਕਤੀ ਸਬੰਧੀ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਜਾਣਕਾਰੀ ਭੇਜੀ ਜਾਵੇ। ਰੈਗੂਲਰ ਪ੍ਰਿੰਸੀਪਲ, ਟੀਚਿੰਗ ਸਟਾਫ ਅਤੇ ਲਾਇਬ੍ਰੇਰੀਅਨ ਦੀ ਨਿਯੁਕਤੀ ਯੂਨੀਵਰਸਿਟੀ ਨਿਯਮਾਂ/ਨਾਰਮਜ਼ ਅਨੁਸਾਰ ਹੋਣ ਸਬੰਧੀ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਦੀ ਕਾਰਵਾਈ, ਨਿਯੁਕਤੀ ਪੱਤਰ ਅਤੇ ਜੁਆਇਨਿੰਗ ਰਿਪੋਰਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਭੇਜੀਆਂ ਜਾਣ। ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਨਿਯੁਕਤ ਕੀਤੇ ਪ੍ਰਿੰਸੀਪਲ ਅਤੇ ਟੀਚਿੰਗ ਸਟਾਫ ਦੇ ਅਪਰੂਵਲ ਕੇਸ ਸਿਲੈਕਸ਼ਨ ਉਪਰੰਤ ਤੁਰੰਤ ਇਸ ਦਫਤਰ ਵਿਖੇ ਭੇਜੇ ਜਾਣ।
2. ਕਾਲਜ ਦੀ ਵੈੱਬਸਾਈਟ ਬਣਾ ਕੇ ਲੋੜੀਂਦੀ ਸਾਰੀ ਜਾਣਕਾਰੀ [ਚੱਲ ਰਹੇ ਕੋਰਸ, ਟੀਚਿੰਗ ਸਟਾਫ, ਚੱਲ ਰਹੇ ਕੋਰਸਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ (ਕੈਟਾਗਰੀ ਵਾਈਜ਼) ਆਦਿ ਦੀ ਜਾਣਕਾਰੀ ਸਮੇਤ] ਅਪਲੋਡ/ਅਪਡੇਟ ਕੀਤੀ ਜਾਵੇ।
3. ਲੋੜੀਂਦੀ ਜ਼ਮੀਨ ਦਾ C.L.U. ਸਰਟੀਫਿਕੇਟ (ਚੀਫ ਟਾਊਨ ਪਲਾਨਰ ਤੋਂ ਪ੍ਰਵਾਨਿਤ) ਭੇਜਿਆ ਜਾਵੇ।
4. ਲੋੜੀਂਦੀ ਜ਼ਮੀਨ ਤੇ ਬਣੀ ਬਿਲਡਿੰਗ ਦੇ ਨਕਸ਼ੇ (ਚੀਫ ਟਾਊਨ ਪਲਾਨਰ ਤੋਂ ਪ੍ਰਵਾਨਿਤ) ਦੀ ਕਾਪੀ ਭੇਜੀ ਜਾਵੇ।
5. ਕਾਲਜ ਲਈ ਲੋੜੀਂਦੀ ਜ਼ਮੀਨ ਕਿਹੜੇ ਖਸਰਾ ਨੰਬਰਾਂ ਵਿਚ ਹੈ, ਬਾਰੇ ਮਾਲ ਮਹਿਕਮੇ ਤੋਂ ਜਾਰੀ ਸਰਟੀਫਿਕੇਟ (ਖਸਰਾ ਨੰਬਰਾਂ ਅਤੇ ਕਿੱਲਾ ਨੰਬਰਾਂ ਸਮੇਤ) ਭੇਜਿਆ ਜਾਵੇ।
6. **ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ AISHE (All India Survey on Higher Education) ਸਬੰਧੀ ਰਜਿਸਟ੍ਰੇਸ਼ਨ ਕਰਵਾਈ ਜਾਵੇ ਅਤੇ AISHE ਵੱਲੋਂ ਨਿਰਧਾਰਤ Web Potral ਤੇ ਸਾਲ 2015-16 ਤਕ ਦਾ ਲੋੜੀਂਦਾ ਡਾਟਾ ਮਿਤੀ 05 ਫਰਵਰੀ 2016 ਤਕ ਹਰ ਹਾਲਤ ਵਿਚ ਅਪਲੋਡ ਕੀਤਾ ਜਾਵੇ। ਡਾਟਾ ਅਪਲੋਡ ਕਰਨ ਉਪਰੰਤ ਸੂਚਨਾ ਇਸ ਦਫ਼ਤਰ ਵਿਖੇ ਭੇਜੀ ਜਾਵੇ।**
7. ਜੇਕਰ ਕਾਲਜ ਵੱਲ ਕਿਸੇ ਕਿਸਮ ਦਾ ਕੋਈ ਵੀ ਬਕਾਇਆ (ਸਬੰਧਤਾ ਫੀਸ, ਕਾਲਜ/ਕੋਰਸ ਦੀ ਕੰਟੀਨਿਊਏਸ਼ਨ ਫੀਸ, ਲੇਟ/ਜੁਰਮਾਨਾ ਫੀਸ, ਇੰਡੋਮੈਂਟ ਫੰਡ ਵੱਜੋਂ ਐਫ.ਡੀ.ਆਰ/3% ਬਣਦਾ ਸਰਵਿਸ ਚਾਰਜ ਆਦਿ) ਹੈ ਤਾਂ ਤੁਰੰਤ ਇਸ ਦਫਤਰ ਵਿਖੇ ਜਮਾਂ ਕਰਵਾਇਆ ਜਾਵੇ।
8. ਐਜੂਕੇਸ਼ਨ, ਫਿਜੀਕਲ ਐਜੂਕੇਸ਼ਨ ਅਤੇ ਲਾਅ ਕਾਲਜ ਖੋਲਣ ਸੰਬੰਧੀ ਪੰਜਾਬ ਸਰਕਾਰ ਪਾਸੋਂ ਪ੍ਰਾਪਤ ਲੋੜੀਂਦੇ ਐਨ.ਓ.ਸੀ. ਦੀ ਕਾਪੀ ਭੇਜੀ ਜਾਵੇ। ਨਵੇਂ ਖੁੱਲੇ ਡਿਗਰੀ ਕਾਲਜਾਂ ਵਲੋਂ ਵੀ ਐਨ.ਓ.ਸੀ. ਦੇਣਾ ਜਰੂਰੀ ਹੈ ਕਿਉਂਕਿ 'ਪੋਸਟ ਮੈਟਰਿਕ ਸਕੀਮ'/ਬੱਸ ਪਾਸ ਦੀ ਸੁਵਿਧਾ ਆਦਿ ਪੰਜਾਬ ਸਰਕਾਰ ਵਲੋਂ ਜਾਰੀ ਐਨ.ਓ.ਸੀ ਦੇ ਆਧਾਰ ਤੇ ਹੀ ਕਾਲਜ ਨੂੰ ਪ੍ਰਦਾਨ ਕੀਤੀ ਜਾਂਦੀ ਹੈ, ਇਸ ਕਰਕੇ ਪੰਜਾਬ ਸਰਕਾਰ ਪਾਸੋਂ ਪ੍ਰਾਪਤ ਐਨ.ਓ.ਸੀ. ਇਸ ਦਫ਼ਤਰ ਵਿਖੇ ਜਮਾਂ ਕਰਵਾਇਆ ਜਾਵੇ।
9. ਕਾਲਜ ਵਿਖੇ ਨਿਯੁਕਤ ਸਟਾਫ਼ ਦੀ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ EPF/PPF ਦੀ ਕਟੌਤੀ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਸ ਸੰਬੰਧੀ ਰੱਖੇ ਗਏ ਰਿਕਾਰਡ ਬਾਰੇ ਇਸ ਦਫ਼ਤਰ ਨੂੰ ਜਾਣਕਾਰੀ ਭੇਜੀ ਜਾਵੇ।
10. ਕਾਲਜ ਵਿਖੇ ਜਾਣ ਵਾਲੀਆਂ Inspection/Selection ਕਮੇਟੀਆਂ ਦੇ ਮੈਂਬਰ ਸਾਹਿਬਾਨ ਨੂੰ ਆਨਰੇਰੀਅਮ ਦੀ ਅਦਾਇਗੀ ਨਕਦ ਰੂਪ ਵਿਚ ਨਾ ਕੀਤੀ ਜਾਵੇ, ਇਹ ਅਦਾਇਗੀ ਚੈੱਕ (Payee's a/c only) ਰਾਹੀਂ ਕੀਤੀ ਜਾਵੇ ਅਤੇ Income tax ਦੀ ਕਟੌਤੀ ਨੂੰ ਕਾਲਜ ਜਾਂ ਅਧਿਆਪਕ ਪੱਧਰ ਤੇ ਸਰਟੀਫਿਕੇਟ ਲੈ ਕੇ ਯਕੀਨੀ ਬਣਾਇਆ ਜਾਵੇ। ਟੀ.ਏ./ਟੋਲ ਟੈਕਸ ਦੀ ਅਦਾਇਗੀ ਪਹਿਲਾਂ ਵਾਂਗ ਹੀ ਨਕਦ ਰੂਪ ਵਿਚ ਕੀਤੀ ਜਾਵੇ।

ਇਹ ਸਪੱਸ਼ਟ ਹੈ ਕਿ ਉਕਤ ਸ਼ਰਤਾਂ/ਦਸਤਾਵੇਜ਼ਾਂ ਦੀ ਪੂਰਤੀ ਮਿਤੀ 15 ਫਰਵਰੀ 2016 ਤੱਕ ਕਰਨੀ ਲਾਜ਼ਮੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਅਧਿਕਾਰੀਆਂ ਵਲੋਂ ਕਾਲਜ ਵਿਰੁੱਧ ਲਿਆ ਫੈਸਲਾ ਆਖ਼ਰੀ ਹੋਵੇਗਾ ਅਤੇ ਮੰਨਣਯੋਗ ਹੋਵੇਗਾ ਅਤੇ ਅਕਾਦਮਿਕ ਸੈਸ਼ਨ 2016-17 ਤੋਂ ਕਾਲਜ ਵਿਖੇ ਚੱਲ ਰਹੇ ਕਿਸੇ ਵੀ ਕੋਰਸ ਦੇ ਭਾਗ ਪਹਿਲਾ/ਐਂਟਰੀ ਪੁਆਇੰਟ ਦੇ ਦਾਖਲੇ ਕਰਨ ਦੀ ਪ੍ਰਵਾਨਗੀ ਪ੍ਰਦਾਨ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਾਲਜ ਦੀ ਆਰਜ਼ੀ affiliation ਰੱਦ/ਖਤਮ ਕਰ ਦਿੱਤੀ ਜਾਵੇਗੀ ਅਤੇ ਕਾਲਜ ਵਿਖੇ ਚੱਲ ਰਹੇ ਕੋਰਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਦੂਜੇ ਸਬੰਧਤ ਕਾਲਜ ਵਿੱਚ ਸਿਫਟ ਕਰ ਦਿੱਤਾ ਜਾਵੇਗਾ।

ਜੇਕਰ ਕਾਲਜ ਵੱਲੋਂ ਯੂਨੀਵਰਸਿਟੀ ਦੀ ਬਿਨਾਂ ਪ੍ਰਵਾਨਗੀ ਲਏ ਆਪਣੇ ਪੱਧਰ ਤੇ ਅਕਾਦਮਿਕ ਸੈਸ਼ਨ 2016-17 ਲਈ ਕਿਸੇ ਵੀ ਕੋਰਸ ਦੇ ਕਿਸੇ ਵੀ ਭਾਗ ਵਿੱਚ ਵਿਦਿਆਰਥੀਆਂ ਦੇ ਦਾਖਲੇ ਕੀਤੇ ਜਾਂਦੇ ਹਨ ਤਾਂ ਯੂਨੀਵਰਸਿਟੀ ਵੱਲੋਂ ਦਾਖਲਿਆਂ ਦੀ ਪ੍ਰਵਾਨਗੀ ਦੇਣ ਸਬੰਧੀ ਬਿਲਕੁਲ ਨਹੀਂ ਵਿਚਾਰਿਆ ਜਾਵੇਗਾ। ਜੇਕਰ ਇਸ ਸਬੰਧੀ ਕੋਈ ਵੀ ਕਾਨੂੰਨੀ ਸਮੱਸਿਆ ਉਤਪੰਨ ਹੁੰਦੀ ਹੈ ਤਾਂ ਇਸ ਸਬੰਧੀ ਸਾਰੀ ਜਿੰਮੇਵਾਰੀ ਕਾਲਜ ਮੈਨੇਜਮੈਂਟ ਦੀ ਆਪਣੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

ਡੀਨ, ਕਾਲਜ ਵਿਕਾਸ ਕੌਂਸਲ

ਨੱਥੀ : ਉਪਰੋਕਤ ਅਨੁਸਾਰ

# Performa for details of Appointed Faculty

**Name of College :** ..................................................................................................................................................................................................................................

**Contact No:** ........................................................................................ **NAAC Grade** :.........................

**E-Mail :**............................................................................................... **Session** ...............................

## Principal Details

| Name | Qualification | Designation | Selection Through University Selection Committee/Management | Appointment Status (Regular/Officiate/Contract) | University Approval Status |
|---|---|---|---|---|---|
| | | Principal | | | |

## Teaching Staff Details

| S.No. | Name of Teacher | Qualification | Designation (With Teaching Subject) | Selection Through University Selection Committee/Management | Appointment Status (Regular/Adhoc/Contract) | University Approval Status |
|---|---|---|---|---|---|---|
| 1. | | | | | | |
| 2. | | | | | | |

Dated :......................................

**(President/Chairman)**
**(With Stamp)**

**(Principal)**
**(With Stamp)**